

ਵਾਈਸ ਚਾਂਸਲਰ ਸ. ਬਲਦੇਵ ਸਿੰਘ ਢਿੱਲੋਂ ਅਤੇ ਡਾ. ਕੇ. ਡੀ. ਕੋਕਾਟੇ ਸਾਬਕਾ
ਡਿਪਟੀ ਡਾਇਰੈਕਟਰ ਜਨਰਲ ਨਵੀਂ ਦਿੱਲੀ ਕੋਲੋਂ ਸ. ਸਰਬਜੀਤ ਸਿੰਘ
'ਸ. ਉਜਾਗਰ ਸਿੰਘ ਧਾਲੀਵਾਲ ਪੁਰਸਕਾਰ' ਹਾਸਲ ਕਰਦੇ ਹੋਏ ।
ਸਾਬਕਾ ਨਿਰਦੇਸ਼ਕ ਪਸਾਰ ਸਿੱਖਿਆ ਸ. ਮੁਖਤਾਰ ਸਿੰਘ ਗਿੱਲ ਨਾਲ ਖੜ੍ਹੇ ਹਨ ।

## ਨਿਵੇਕਲੀ ਸੋਚ ਦੇ ਮਾਲਕ
## ਸ. ਸਰਬਜੀਤ ਸਿੰਘ

ਸ. ਸਰਬਜੀਤ ਸਿੰਘ ਸਪੁੱਤਰ ਸ. ਜਗਤਾਰ ਸਿੰਘ ਪਿੰਡ ਕਲਸੀਆਂ ਜ਼ਿਲ੍ਹਾ ਲੁਧਿਆਣਾ ਦੇ ਰਹਿਣ ਵਾਲੇ ਅਗਾਂਹ ਵਧੂ ਕਿਸਾਨ ਹਨ ਜਿਨ੍ਹਾਂ ਨੇ ਖੇਤੀਬਾੜੀ ਸੰਬੰਧਤ ਗ੍ਰੈਜੂਏਸ਼ਨ ਦੀ ਡਿਗਰੀ ਸੰਨ 1994 ਵਿਚ ਪੂਰੀ ਕਰਕੇ ਖੇਤੀਬਾੜੀ ਧੰਦੇ ਨੂੰ ਹੀ ਆਪਣੀ ਆਮਦਨ ਦਾ ਵਸੀਲਾ ਬਣਾਇਆ। ਉਨ੍ਹਾਂ ਨੇ ਪੈਪਸੀ ਵਿੱਚ ਮਾਰਕੀਟ ਐਗਜੈਕਟਿਵ ਬਤੌਰ ਦੋ ਸਾਲ ਨੌਕਰੀ ਵੀ ਕੀਤੀ ਜਿਸ ਵਿੱਚ ਉਹ ਵੱਖ ਵੱਖ ਰਾਜਾਂ ਵਿੱਚ ਜਾ ਕੇ ਕਿਸਾਨਾਂ ਨੂੰ ਮਿਰਚ, ਆਲੂ, ਟਮਾਟਰ ਦੀ ਨਰਸਰੀ ਦੇ ਕੇ ਪੂਰੀ ਸਲਾਹ ਦੇ ਕੇ ਸਬਜ਼ੀਆਂ ਦੀ ਕਾਸ਼ਤ ਦਾ ਕੰਮ ਕਰਵਾਉਂਦੇ ਸਨ ਅਤੇ ਸਬਜ਼ੀਆਂ ਦੀ ਉਪਜ ਨੂੰ ਖਰੀਦਦੇ ਸਨ। ਨੌਕਰੀ ਦੌਰਾਨ ਉਨ੍ਹਾਂ ਨੇ ਖੇਤੀਬਾੜੀ ਦਾ ਕੰਮ ਆਪਣੇ ਖੇਤਾਂ ਵਿੱਚ ਕਰਨ ਦਾ ਵਿਚਾਰ ਬਣਾ ਲਿਆ। ਸ. ਸਰਬਜੀਤ ਸਿੰਘ ਨੇ ਨੀਦਰਲੈਂਡ ਮੈਨੇਜਮੈਂਟ ਕਾਰਪੋਰੇਸ਼ਨ ਪ੍ਰੋਗਰਾਮ ਤਹਿਤ ਹਾਈਬ੍ਰਿਡ ਸੀਡ ਪ੍ਰੋਡਕਸ਼ਨ ਦੀ ਸਿਖਲਾਈ ਪ੍ਰਾਪਤ ਕੀਤੀ ਅਤੇ ਆਤਮਾ ਤਹਿਤ ਯੂਰਪੀਅਨ ਦੇਸ਼ਾਂ ਦਾ ਸੰਨ 2001 ਵਿੱਚ ਸਬਜ਼ੀ ਉਤਪਾਦਨ ਸੰਬੰਧਤ ਅਪਣਾਈਆਂ ਜਾਂਦੀਆਂ ਤਕਨੀਕਾਂ ਦੀ ਜਾਣਕਾਰੀ ਹਿੱਤ ਦੌਰਾ ਵੀ ਕੀਤਾ। ਇਸ ਤੋਂ ਇਲਾਵਾ ਮੱਧ ਪ੍ਰਦੇਸ਼ ਅਤੇ ਗੁਜਰਾਤ ਰਾਜਾਂ ਦਾ ਦੌਰਾ ਵੀ ਕੀਤਾ। ਗੁਜਰਾਤ ਰਾਜ ਵਿੱਚ ਕਪਾਹ ਦੀ ਕਾਸ਼ਤ ਤੋਂ ਪ੍ਰਭਾਵਿਤ ਹੋ ਕੇ ਉਨ੍ਹਾਂ ਨੇ 50 ਏਕੜ ਜ਼ਮੀਨ ਠੇਕੇ ਤੇ ਲੈ ਕੇ ਕਪਾਹ ਦੀ ਕਾਸ਼ਤ ਦਾ ਕੰਮ ਇਸ ਰਾਜ ਵਿੱਚ ਕੀਤਾ।

ਸੰਨ 2001 ਵਿੱਚ ਜੱਦੀ ਪੁਸ਼ਤੀ 25 ਏਕੜ ਜ਼ਮੀਨ ਤੇ ਫੁੱਲਾਂ ਦੇ ਬੀਜਾਂ ਦੇ ਉਤਪਾਦਨ ਦਾ ਕੰਮ ਸ਼ੁਰੂ ਕੀਤਾ ਅਤੇ ਫੁੱਲਾਂ ਦੀ ਮੰਗ ਨੂੰ ਦੇਖਦੇ ਹੋਏ ਉਨ੍ਹਾਂ ਦੂਜੇ ਕਿਸਾਨਾਂ ਦੀ ਜ਼ਮੀਨ ਤੇ ਵੀ ਫੁੱਲਾਂ ਦੇ ਬੀਜ ਦੀ ਪੈਦਾਵਾਰ ਦਾ ਕੰਮ ਵੀ ਕੀਤਾ। ਇਸ ਤੋਂ ਇਲਾਵਾ ਸਬਜ਼ੀਆਂ ਦੀ ਉਪਜ ਨੂੰ ਵੀ ਬਾਹਰਲੇ ਦੇਸ਼ਾਂ ਵਿੱਚ ਸਪਲਾਈ ਕਰਨ ਦਾ ਕੰਮ ਆਪਣੇ ਹੱਥੀਂ ਲਿਆ। ਉਨ੍ਹਾਂ ਨੇ ਕੈਲੇਫੋਰਨੀਆ ਦੀ ਕੰਪਨੀ ਨਾਲ ਕੰਟਰੈਕਟ ਕਰਕੇ ਫੁੱਲਾਂ ਦੇ ਬੀਜਾਂ ਦੀ ਸਪਲਾਈ ਕਰਨੀ ਸ਼ੁਰੂ ਕੀਤੀ ਪਰੰਤੂ ਕੰਮ ਦਾ ਜ਼ਿਆਦਾ ਪਸਾਰਾ ਹੋਣ ਕਾਰਨ ਅਤੇ ਆਪਣੇ ਭਰਾ ਦੀ ਮੌਤ ਉਪਰੰਤ ਉਨ੍ਹਾਂ

ਨੇ ਸੰਨ 2011 ਵਿੱਚ ਫੁੱਲਾਂ ਨਾਲ ਸੰਬੰਧਤ ਬੀਜ ਉਤਪਾਦਨ ਦਾ ਕੰਮ ਤਿਆਗ ਦਿੱਤਾ। ਸ. ਸਰਬਜੀਤ ਸਿੰਘ ਅਤੇ ਇਨ੍ਹਾਂ ਦੇ ਭਰਾ ਦੀ ਸਾਂਝੀ ਕੀਟਨਾਸ਼ਕ ਦੀ ਦੁਕਾਨ ਸੀ ਜਿਸ ਰਾਹੀਂ ਉਹ ਕਿਸਾਨਾਂ ਨੂੰ ਚੰਗੇ ਕੀਟਨਾਸ਼ਕ ਅਤੇ ਹੋਰ ਦੁਆਈਆਂ ਮੁਹੱਈਆ ਕਰਵਾਉਂਦੇ ਸਨ ਪਰੰਤੂ ਇਹ ਕੰਮ ਵੀ ਉਨ੍ਹਾਂ ਨੇ ਛੱਡ ਦਿੱਤਾ । ਸ. ਸਰਬਜੀਤ ਸਿੰਘ ਨੇ ਫੁੱਲਾਂ ਦੇ ਬੀਜਾਂ ਨੂੰ ਇਕੱਠੇ ਤੌਰ ਤੇ ਤਿਆਰ ਕੀਤੇ ਜਾਣ ਦੀ ਵਿਧੀ ਤਿਆਰ ਕੀਤੀ ਜਿਸ ਰਾਹੀਂ ਝਾੜੂ ਨਾਲ ਖੇਤਾਂ ਵਿੱਚ ਡਿੱਗੇ ਬੀਜਾਂ ਨੂੰ ਇਕੱਠੇ ਕਰਦੇ ਸਨ ਅਤੇ ਇਹ ਵਿਧੀ ਅਪਨਾਉਣ ਨਾਲ ਤੁੜਾਈ ਦਾ ਖਰਚਾ ਬਚਦਾ ਸੀ ਅਤੇ ਪ੍ਰੋਡਕਸ਼ਨ ਲਾਗਤ ਘਟਦੀ ਹੈ । ਇਸ ਵਿਧੀ ਰਾਹੀਂ ਲਾਗਤ ਘੱਟ ਦੇਖਦੇ ਹੋਏ ਪੰਜਾਬ ਦੇ ਦੂਜੇ ਕਿਸਾਨਾਂ ਨੇ ਵੀ ਇਹ ਤਰੀਕਾ ਅਪਨਾਇਆ। ਇਸ ਤੋਂ ਇਲਾਵਾ ਫੁੱਲਾਂ ਦੀ ਕਾਸ਼ਤ ਵੀ ਜ਼ਮੀਨ ਵਿੱਚ ਨੈੱਟ ਵਿਛਾ ਕੇ ਕਰਦੇ ਰਹੇ ਜਿਸ ਨਾਲ ਪੈਦਾਵਾਰ ਵਿੱਚ ਚਾਰ ਗੁਣਾ ਵਾਧਾ ਹੋਇਆ ਅਤੇ ਖਰਚੇ ਵਿੱਚ ਬਹੁਤ ਕਮੀ ਆਈ । ਉਨ੍ਹਾਂ ਨੇ ਆਪਣੇ ਖੇਤਾਂ ਵਿੱਚ ਤਿਆਰ ਕੀਤੇ ਫੁੱਲਾਂ ਦੇ ਬੀਜਾਂ ਦੇ ਭੰਡਾਰਨ ਲਈ ਗੁਦਾਮ ਬਣਾਇਆ ਹੋਇਆ ਹੈ ।

ਫੁੱਲਾਂ ਤੋਂ ਇਲਾਵਾ ਸ਼ਹਿਦ ਦੀਆਂ ਮੱਖੀਆਂ ਦੇ 800 ਡੱਬਿਆਂ ਤੋਂ ਕੰਮ ਨੈਸ਼ਨਲ ਹਾਰਟੀਕਲਚਰ ਬੋਰਡ ਵੱਲੋਂ ਮਿਲੀ ਮਦਦ ਰਾਹੀਂ ਸ਼ੁਰੂ ਕੀਤਾ ਅਤੇ ਉਹ ਦੱਸਦੇ ਹਨ ਕਿ ਇੱਕ ਬਕਸੇ ਤੋਂ ਤਕਰੀਬਨ 4000 ਰੁਪਏ ਸਲਾਨਾ ਆਮਦਨ ਹੁੰਦੀ ਹੈ ਪ੍ਰੰਤੂ ਇਹ ਕੰਮ ਵੀ ਉਨ੍ਹਾਂ ਦਾ ਅੱਜਕੱਲ੍ਹ ਬੰਦ ਹੈ ।

ਅੱਜਕੱਲ੍ਹ ਉਹ ਮੂਲੀ ਤੋਂ ਬਾਅਦ ਝੋਨੇ ਦੀ ਕਾਸ਼ਤ ਕਰਦੇ ਹਨ । ਉਹ ਆਪਣਿਆਂ ਤਜ਼ਰਬਿਆਂ ਰਾਹੀਂ ਦੱਸਦੇ ਹਨ ਕਿ ਜੂਨ ਵਿੱਚ ਬਾਸਮਤੀ ਜਾਂ ਝੋਨਾ ਲਗਾ ਕੇ ਉਸ ਤੋਂ ਬਾਅਦ ਸਤੰਬਰ ਦੇ ਸ਼ੁਰੂ ਵਿੱਚ ਹੀ ਆਲੂ ਅਤੇ ਜਨਵਰੀ ਵਿੱਚ ਖੇਤ ਖਾਲੀ ਹੋਣ ਉਪਰੰਤ ਮੂਲੀ ਲਗਾ ਦਿਉ ਤਾਂ ਕਿ ਇਸ ਤਰ੍ਹਾਂ ਫ਼ਸਲਾਂ ਲੈਣ ਨਾਲ ਡੇਢ ਲੱਖ ਤੋਂ ਦੋ ਲੱਖ ਪ੍ਰਤੀ ਏਕੜ ਆਮਦਨ ਹੋ ਜਾਂਦੀ ਹੈ ਅਤੇ ਉਹ ਇਹੀ ਤਰੀਕਾ ਆਪਣਿਆਂ ਖੇਤਾਂ ਵਿੱਚ ਅਜਮਾ ਰਹੇ ਹਨ । ਕਿਸਾਨ ਭਰਾਵਾਂ ਨੂੰ ਵੀ ਇਹੀ ਢੰਗ ਵਰਤਣ ਦੀ ਸਲਾਹ ਦਿੰਦੇ ਹਨ ਅਤੇ ਉਨ੍ਹਾਂ ਦੀ ਕਾਮਯਾਬੀ ਦੇਖਣ ਉਪਰੰਤ ਚਾਰ-ਪੰਜ ਪਿੰਡਾਂ ਦੇ ਕਿਸਾਨਾਂ ਨੇ ਤਕਰੀਬਨ 1300 ਏਕੜ ਵਿੱਚ ਮੂਲੀ ਦੇ ਬੀਜ ਦਾ ਉਤਪਾਦਨ ਸ਼ੁਰੂ ਕੀਤਾ । ਮੂਲੀ ਦੇ ਉਤਪਾਦਨ ਤੋਂ ਆਮਦਨ 50-55 ਹਜ਼ਾਰ ਅਤੇ ਖਰਚਾ ਕਣਕ ਨਾਲੋਂ ਅੱਧਾ ਹੁੰਦਾ ਹੈ ਜਦੋਂ ਕਿ ਕਣਕ ਦੀ ਫ਼ਸਲ ਤੋਂ ਪੱਚੀ ਹਜ਼ਾਰ ਪ੍ਰਤੀ ਏਕੜ ਕਮਾਈ ਹੁੰਦੀ ਹੈ । ਆਲੂਆਂ ਦਾ ਕੰਮ ਉਨ੍ਹਾਂ ਨੇ ਪਿਛਲੇ ਤਿੰਨ ਸਾਲ ਤੋਂ ਸ਼ੁਰੂ ਕੀਤਾ ਅਤੇ ਆਲੂਆਂ ਦੀ ਉਹ

ਐਫ਼ ਐਸ-3 ਅਤੇ ਐਫ਼ ਐਸ-5 ਕਿਸਮ ਦੀ ਕਾਸ਼ਤ ਪੈਪਸੀ ਵਾਲਿਆਂ ਨਾਲ ਕੰਟਰੈਕਟ ਕਰਕੇ ਕਰਦੇ ਹਨ ਅਤੇ ਉਨ੍ਹਾਂ ਨੂੰ ਵਧੀਆ ਲਾਭ ਪ੍ਰਾਪਤ ਹੋ ਰਿਹਾ ਹੈ । ਮਠਿਆਈ ਪੇਠਾ 8 ਏਕੜ, ਤਰਬੂਜ 2 ਏਕੜ ਅਤੇ ਪਿਆਜ 1 ਏਕੜ ਵਿੱਚ ਲਗਾਉਂਦੇ ਹਨ । ਉਹ ਹਮੇਸ਼ਾਂ ਆਪਣੇ ਖੇਤਾਂ ਤੇ ਖੇਤੀ ਸੰਬੰਧਤ ਨਵੇਂ-ਨਵੇਂ ਤਜ਼ਰਬੇ ਕਰਦੇ ਰਹਿੰਦੇ ਹਨ । ਉਨ੍ਹਾਂ ਦੇ ਤਜ਼ਰਬਿਆਂ ਅਤੇ ਨਿਵੇਕਲੀ ਸੋਚ ਤੋਂ ਪ੍ਰਭਾਵਿਤ ਹੋ ਕੇ ਖੇਤੀਬਾੜੀ ਅਤੇ ਬਾਗਬਾਨੀ ਵਿਭਾਗ ਵਾਲੇ ਉਨ੍ਹਾਂ ਦੇ ਖੇਤਾਂ ਵਿੱਚ ਕੈਂਪ ਲਗਾ ਕੇ ਲੋਕਾਂ ਨੂੰ ਨਵੀਆਂ ਤਕਨੀਕਾਂ ਸੰਬੰਧੀ ਜਾਣਕਾਰੀ ਮੁਹੱਈਆ ਕਰਵਾਉਂਦੇ ਹਨ । ਸ. ਸਰਬਜੀਤ ਸਿੰਘ ਨੂੰ ਸੰਨ 2013 ਵਿੱਚ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਲੁਧਿਆਣਾ ਵੱਲੋਂ ਸਰਦਾਰ ਉਜਾਗਰ ਸਿੰਘ ਧਾਲੀਵਾਲ ਯਾਦਗਾਰੀ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ । ਖੇਤੀਬਾੜੀ ਸੰਬੰਧਤ ਪੜ੍ਹੇ-ਲਿਖੇ ਹੋਣ ਕਾਰਨ ਉਹ ਕਿਸਾਨਾਂ ਦੇ ਅੰਦਰ ਖੇਤੀ ਸੰਬੰਧੀ ਵਲਵਲਿਆਂ ਲਈ ਹੱਲ ਦੱਸਦੇ ਰਹਿੰਦੇ ਹਨ ਅਤੇ ਸਾਨੂੰ ਆਸ ਹੈ ਕਿ ਉਹ ਆਪਣੀ ਜ਼ਿੰਦਗੀ ਵਿੱਚ ਅਗਾਂਹ ਵਧਦੇ ਜਾਣਗੇ ।